# BUDHA DAL PUBLIC SCHOOL PATIALA

## First Term Examination (18 September 2025)

**Class - X**

**Paper - Punjabi (Set - B)**

**Time: 3 hrs.** **MM: 80**

**ਆਮ ਨਿਰਦੇਸ਼:**

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚੋਂ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
2. ਬਹੁ-ਵਿਕਲਪੀ ਪ੍ਰਸ਼ਨਾਂ ਦਾ ਉੱਤਰ ਲਿਖਦੇ ਹੋਏ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
3. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਦਰਜ਼ ਕੀਤਾ ਜਾਵੇ।

### ਭਾਗ-ੳ (ਪੜ੍ਹਨ-ਕੌਸ਼ਲ)

1) ਹੇਠ ਲਿਖੇ ਵਾਰਤਕ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (6×1=6)

ਦੇਸ਼ ਦੀ ਆਜ਼ਾਦੀ ਤੱਕ ਪੰਜਾਬੀ ਵਿੱਚ ਸਾਹਿਤ ਲਿਖਣਾ ਇੱਕ ਫ਼ਜ਼ੂਲ ਜਿਹਾ ਕੰਮ ਗਿਣਿਆ ਜਾਂਦਾ ਸੀ ਕਿਉਂਕਿ ਇਸ ਨੂੰ ਨਾ ਤਾਂ ਕੋਈ ਛਾਪਣ ਵਾਲਾ ਸੀ ਤੇ ਨਾ ਹੀ ਪੜ੍ਹਨ ਵਾਲਾ। ਜਦੋਂ ਦਫ਼ਤਰਾਂ ਵਿੱਚ ਪੰਜਾਬੀ ਦੇ ਪ੍ਰਯੋਗ ਨਾਲ ਇਸ ਦੀ ਕਦਰ ਵਧੀ ਅਤੇ ਇਸ ਨੂੰ ਪੜ੍ਹਨ-ਸਿੱਖਣ ਵਾਲ਼ਿਆਂ ਦੀ ਗਿਣਤੀ ਦੇ ਸਵੈ-ਮਾਣ ਵਿੱਚ ਵਾਧਾ ਹੋਇਆ ਤਾਂ ਨਤੀਜਾ ਇਹ ਹੋਇਆ ਕਿ ਕਈ ਉੱਘੇ ਤੇ ਅਨੁਭਵੀ ਲੇਖਕ ਪੰਜਾਬੀ ਵਿੱਚ ਲਿਖਣ ਲਈ ਪ੍ਰੇਰਿਤ ਹੋਣ ਲੱਗੇ। ਸਰਕਾਰੀ ਪ੍ਰੋਤਸਾਹਨ ਮਿਲਣ ਨਾਲ ਵੰਨ-ਸਵੰਨੀ ਛਪਾਈ ਦੇ ਰੁਝਾਨ ਪੰਜਾਬੀ ਦੇ ਵਿਹੜੇ ਵਿੱਚ ਵੀ ਪਾਇਲਾਂ ਪਾਉਣ ਲੱਗ ਪਏ। ਪੰਜਾਬੀ ਅਮੀਰ ਹੋਣ ਲੱਗ ਪਈ, ਰੰਗੀਨ ਹੋਣ ਲੱਗ ਪਈ ਤੇ ਸਿਰ ਉੱਚਾ ਕਰਕੇ ਜਿਉਣ ਲੱਗ ਪਈ। ਹੁਣ ਤਾਂ ਇਸ ਦੀ ਤਰੱਕੀ ਅਤੇ ਵਿਕਾਸ ਲਈ ਵਿਸ਼ਵ ਪੱਧਰ ਦੀਆਂ ਕਾਨਫਰੰਸਾਂ ਆਯੋਜਿਤ ਹੋਣ ਲੱਗ ਪਈਆਂ ਹਨ ਤਾਂ ਜੋ ਇਸ ਦੇ ਵਿਕਾਸ ਲਈ ਹਰ ਪੱਧਰ ਉੱਤੇ ਲੋੜੀਂਦੇ ਉਪਰਾਲੇ ਜੋੜੇ ਜਾ ਸਕਣ ਅਤੇ ਅੱਜ ਵਿਸ਼ਵ ਦਾ ਕੋਈ ਖੂੰਜਾ ਅਜਿਹਾ ਨਹੀਂ ਹੋਵੇਗਾ ਜਿੱਥੇ ਵੱਸਦਾ ਪੰਜਾਬੀ ਪ੍ਰੇਮੀ ਇਸ ਲਈ ਸ਼ੁਭ ਕਾਮਨਾਵਾਂ ਨਾ ਰੱਖਦਾ ਹੋਵੇ। ਪੰਜਾਬੀ ਦੇ ਇਸ ਵਿਕਾਸ ਦਾ ਆਧਾਰ ਵੀ ਇਸ ਦਾ ਰਾਜ ਦਰਬਾਰ ਵਿੱਚ ਪ੍ਰਵੇਸ਼ ਹੈ। ਦਫ਼ਤਰਾਂ ਵਿੱਚ ਪੰਜਾਬੀ ਲਾਗੂ ਹੋਣ ਦੇ ਬਹੁ-ਪੱਖੀ ਲਾਭਾਂ ਵਿੱਚੋਂ ਇਕ ਲਾਭ ਇਹ ਵੀ ਹੋਇਆ ਹੈ ਕਿ ਪੰਜਾਬੀ ਸੱਭਿਆਚਾਰ ਤੇ ਸੰਸਕ੍ਰਿਤੀ ਦਾ ਵੀ ਯੋਗ ਮੁੱਲ ਪੈਣ ਲੱਗ ਪਿਆ ਹੈ। ਨਾਟਕ, ਸਟੇਜ ਅਤੇ ਫ਼ਿਲਮੀ ਉਦਯੋਗ ਵੀ ਇਸ ਵੱਲ ਆਕਰਸ਼ਿਤ ਹੋਣ ਲੱਗ ਪਏ ਹਨ।

ਪ੍ਰਸ਼ਨ 1. ਦੇਸ਼ ਦੀ ਅਜ਼ਾਦੀ ਤਕ ਪੰਜਾਬ ਵਿੱਚ ਕਿਸ ਕੰਮ ਨੂੰ ਫ਼ਜ਼ੂਲ ਗਿਣਿਆ ਜਾਂਦਾ ਸੀ ?

(ੳ) ਪੰਜਾਬੀ ਵਿੱਚ ਸਾਹਿਤ ਲਿਖਣਾ ☐ (ਅ) ਪੰਜਾਬੀ ਗਾਣੇ ਗਾਉਣ ਨੂੰ ☐

(ੲ) ਪੰਜਾਬੀ ਫ਼ਿਲਮਾਂ ਬਣਾਉਣ ਨੂੰ ☐ (ਸ) ਨਾਟਕ ਕਰਨ ਨੂੰ ☐

ਪ੍ਰਸ਼ਨ 2. ਪੰਜਾਬੀ ਭਾਸ਼ਾ ਦੀ ਕਦਰ ਕਦੋਂ ਪਈ ?

(ੳ) ਜਦੋਂ ਪੰਜਾਬੀ ਫਿਲਮਾਂ ਬਣਨ ਲੱਗੀਆਂ ☐

(ਅ) ਪੰਜਾਬੀ ਨਾਟਕ ਖੇਡਣ ਨਾਲ ☐

(ੲ) ਪੰਜਾਬੀ ਬੋਲਣ ਨਾਲ ☐

(ਸ) ਜਦੋਂ ਇਹ ਦਫ਼ਤਰਾਂ ਵਿੱਚ ਵਰਤੀ ਜਾਣ ਲੱਗੀ ☐

ਪ੍ਰਸ਼ਨ 3. ਵਿਸ਼ਵ ਪੱਧਰ ਦੀਆਂ ਕਾਨਫਰੰਸਾਂ ਕਾਹਦੇ ਲਈ ਆਯੋਜਿਤ ਹੋਣ ਲੱਗ ਪਈਆਂ ?

(ੳ) ਸਿੱਖਿਆ ਨੀਤੀ ਵਿੱਚ ਸੁਧਾਰ ਸਬੰਧੀ ☐

(ਅ) ਪੰਜਾਬੀ ਦੀ ਤਰੱਕੀ ਤੇ ਵਿਕਾਸ ਲਈ ☐

(ੲ) ਸੱਭਿਆਚਾਰਕ ਪ੍ਰੋਗਰਾਮ ਕਰਵਾਉਣ ਲਈ ☐

(ਸ) ਉਪਰੋਕਤ ਵਿੱਚੋਂ ਕੋਈ ਨਹੀਂ। ☐

ਪ੍ਰਸ਼ਨ 4. ਪੰਜਾਬੀ ਦੇ ਵਿਕਾਸ ਦਾ ਆਧਾਰ ਕਿਸ ਨੂੰ ਮੰਨਿਆ ਜਾਂਦਾ ਹੈ ?

(ੳ) ਸੱਭਿਆਚਾਰ

(ਅ) ਸੰਸਕ੍ਰਿਤ ਭਾਸ਼ਾ

(ੲ) ਪੰਜਾਬੀ ਦਾ ਰਾਜ ਦਰਬਾਰ ਵਿੱਚ ਪ੍ਰਵੇਸ਼

(ਸ) (ੳ) ਤੇ (ਅ) ਦੋਵੇਂ

B-1

Scanned with OKEN Scanner

ਪ੍ਰਸ਼ਨ 5. ਦਫ਼ਤਰਾਂ ਵਿੱਚ ਪੰਜਾਬੀ ਲਾਗੂ ਹੋਣ ਦਾ ਕੀ ਲਾਭ ਹੋਇਆ ?
(ੳ) ਕੰਮ ਛੇਤੀ ਹੋਣ ਲੱਗ ਪਿਆ
(ਅ) ਕੰਮ ਕਰਨਾ ਸੌਖਾ ਹੋ ਗਿਆ
(ੲ) ਪੰਜਾਬੀ ਸੱਭਿਆਚਾਰ ਤੇ ਸੰਸਕ੍ਰਿਤੀ ਦੀ ਕਦਰ ਹੋਣ ਲੱਗ ਪਈ
(ਸ) ਪੰਜਾਬੀਆਂ ਦੀ ਕਦਰ ਹੋਣ ਲੱਗ ਪਈ

ਪ੍ਰਸ਼ਨ 6. ਕਿਹੜੇ ਉਦਯੋਗ ਪੰਜਾਬੀ ਅਤੇ ਪੰਜਾਬੀ ਸੱਭਿਆਚਾਰ ਵੱਲ ਆਕਰਸ਼ਿਤ ਹੋਣ ਲੱਗ ਪਏ ਹਨ ?
(ੳ) ਨਾਟਕ ☐ (ਅ) ਸਟੇਜ
(ੲ) ਫ਼ਿਲਮੀ ☐ (ਸ) ਉਪਰੋਕਤ ਸਾਰੇ।

2) **ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।** (1×4=4)

ਹਰ ਮੋੜ ਤੇ ਚਲਦੀ ਘੁਲਾੜੀ ਕਿੰਨੀ ਚੰਗੀ ਲੱਗਦੀ
ਬਲਦਾਂ ਦੀ ਜੋੜੀ ਅੱਗੇ ਅੱਗੇ ਭੱਜਦੀ
ਬਲਦਾਂ ਨੂੰ ਚਾਚਾ ਚਾਵਾਂ ਨਾਲ ਹੱਕਦਾ
ਵੇਲਣੇ 'ਚ ਗੰਨੇ ਦੇਂਦਾ, ਤਾਇਆ ਨਾ ਥੱਕਦਾ
ਗੰਨਿਆਂ ਦੀ ਭਰੀ 'ਛੱਜਾ' ਗਿਆ ਸੁੱਟ ਕੇ
ਗੰਨੇ ਘੜੇ ਕਾਮਿਆਂ, ਕਮਾਦੋਂ ਕੱਟ ਕੇ

ੳ) ਬਲਦਾਂ ਨੂੰ ਚਾਵਾਂ ਨਾਲ ਕੌਣ ਹੱਕਦਾ ਹੈ?
ਅ) ਗੰਨੇ ਕਿਨ੍ਹਾਂ ਨੇ ਘੜੇ ਹਨ?
ੲ) ਵੇਲਣੇ 'ਚ ਗੰਨੇ ਕੌਣ ਦਿੰਦਾ ਨਹੀਂ ਥੱਕਦਾ?
ਸ) ਕਾਮਿਆਂ ਨੂੰ ਹਰ ਮੋੜ ਤੇ ਕਿਹੜੀ ਚੀਜ਼ ਚਲਦੀ ਚੰਗੀ ਲਗਦੀ ਹੈ?

## ਭਾਗ – ਅ (ਵਿਆਕਰਨ)

3) **ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖਿਆਂ ਵਿੱਚੋਂ ਕੋਈ ਸਹੀ ਸਮਾਸੀ ਸ਼ਬਦ ਚੁਣੋ:
1) ਦੌੜ-ਘਰ 2) ਅਬਦੁਲ-ਕਲਾਮ 3) ਕੁਝ-ਕਿਤਾਬਾਂ 4) ਰਹਿਣੀ-ਬਹਿਣੀ

ਅ) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਸਾਰਥਕ ਤੇ ਨਿਰਾਰਥਕ ਸ਼ਬਦਾਂ ਦੇ ਸੁਮੇਲ ਨਾਲ ਬਣਿਆ ਹੈ:
1) ਹਵਾ-ਪਾਣੀ 2) ਰੋਟੀ-ਰਾਟੀ 3) ਉੱਚੀ-ਉੱਚੀ 4) ਜੇਠ-ਹਾੜ

ੲ) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸਮਾਨਾਰਥਕ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ?
1) ਆਤਮ-ਕਥਾ 2) ਟੇਡੇ-ਮੇਡੇ 3) ਦਾਲ-ਰੋਟੀ 4) ਇੱਜ਼ਤ-ਮਾਣ

4) **ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖਿਆਂ ਖਾਲੀ ਸਥਾਨ ਵਿੱਚੋਂ ਇੱਕ ਬਹੁ-ਅਰਥਕ ਸ਼ਬਦ ਭਰੋ-
ਸਿੰਘ ਨੇ ਦੁਸ਼ਮਣਾਂ 'ਤੇ ........... ਕੀਤਾ ਅਤੇ ਆਪਣੀਆਂ ਜਾਨਾਂ ਵੀ .......... ਦਿੱਤੀਆਂ।
1) ਧਾਵਾ 2) ਵਾਰ 3) ਹਮਲਾ 4) ਕੁਰਬਾਨ

ਅ) 'ਉੱਤਰ' ਸ਼ਬਦ ਦਾ ਇੱਕ ਅਰਥ ਹੈ 'ਉੱਤਰੀ ਪਾਸਾ' ਦੂਜਾ ਅਰਥ ਚੁਣੋ।
1) ਡੋਲ 2) ਝੜ 3) ਜਵਾਬ 4) ਖ਼ਾਤਰ

ੲ) ਕਿਹੜਾ ਸ਼ਬਦ 'ਡੰਡੀ' ਸ਼ਬਦ ਦੇ ਬਹੁ-ਅਰਥਕ ਸ਼ਬਦ ਵੱਜੋਂ ਨਹੀਂ ਵਰਤਿਆ ਜਾ ਸਕਦਾ?
1) ਡੰਗ 2) ਟਹਿਣੀ 3) ਪੂਰਨ ਵਿਰਾਮ 4) ਕੱਚਾ ਰਸਤਾ

B

Scanned with OKEN Scanner

5) ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ): (2×1=2)

ੳ) ਜਿਹੜੇ ਕਿਰਿਆ ਵਿਸ਼ੇਸ਼ਣ ਕੰਮ ਦੇ ਹੋਣ ਦਾ ਸਮਾਂ ਦੱਸਣ, ਉਨ੍ਹਾਂ ਨੂੰ ਕੀ ਕਹਿੰਦੇ ਹਨ?

1) ਪ੍ਰਕਾਰ ਵਾਚਕ ਕਿਰਿਆ-ਵਿਸ਼ੇਸ਼ਣ 2) ਗਿਣਤੀ ਵਾਚਕ ਕਿਰਿਆ-ਵਿਸ਼ੇਸ਼ਣ

3) ਕਾਲ ਵਾਚਕ ਕਿਰਿਆ-ਵਿਸ਼ੇਸ਼ਣ 4) ਸਥਾਨ ਵਾਚਕ ਕਿਰਿਆ-ਵਿਸ਼ੇਸ਼ਣ

ਅ) ਹੇਠ ਲਿਖਿਆਂ ਵਿੱਚੋਂ ਸੰਖਿਅਕ ਜਾਂ ਗਿਣਤੀ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ:

1) ਪਰਸੋਂ, ਸਵੇਰੇ, ਜਦੋਂ, ਕਦੋਂ 2) ਦੂਰ, ਨੇੜੇ, ਇੱਥੇ, ਉੱਥੇ

3) ਇੱਕ-ਇੱਕ, ਦੋ-ਦੋ, ਇਕਹਿਰਾ, ਦੂਹਰਾ 4) ਤੇਜ, ਛੇਤੀ, ਹਾਂ ਜੀ, ਨਾ ਜੀ

ੲ) ਕਿਰਿਆ ਵਿਸ਼ੇਸ਼ਣ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

1) ਅੱਠ 2) ਛੇ 3) ਸੱਤ 4) ਨੌ

6) **ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ):** (1+1=2)

ੳ) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:

ਦੁਰ, ਬੇ

ਅ) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:

ਹੀਣ, ਸਾਰ

7) **ਮੁਹਾਵਰੇ : ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ:** (4×1=4)

ਕੱਛਾਂ ਵਜਾਉਣੀਆਂ, ਖਾਰ ਖਾਣੀ, ਗਦ-ਗਦ ਹੋਣਾ, ਘਿਓ ਦੇ ਦੀਵੇ ਬਾਲਣੇ, ਖੇਰੂੰ ਖੇਰੂੰ ਹੋ ਜਾਣਾ, ਕੰਨ ਭਰਨੇ

## ਭਾਗ-ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

8) **ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ 'ਇੱਕ' ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ:** (8)

**ਜੈਸੀ ਸੰਗਤ ਵੈਸੀ ਰੰਗਤ**

ਨੁਕਤੇ -

ਜਾਣ-ਪਛਾਣ, ਮਨੁੱਖ ਦੀ ਸੰਗਤ, ਮਨੁੱਖ ਦੁਨਿਆਵੀ ਵਸਤੂਆਂ ਦਾ ਗੁਲਾਮ, ਵੱਡੇ ਭਾਗਾਂ ਨਾਲ ਚੰਗੀ ਸੰਗਤ ਦਾ ਮਿਲਣਾ, ਮਾੜੀ ਸੰਗਤ ਦੇ ਪ੍ਰਭਾਵ, ਸੰਗਤ ਦਾ ਅਸਰਾ ਸਿੱਟਾ।

**ਜਾਂ**

**ਕੰਪਿਊਟਰ ਦਾ ਵੱਧ ਰਿਹਾ ਪ੍ਰਭਾਵ**

ਨੁਕਤੇ -

ਜਾਣ-ਪਛਾਣ, ਕੰਪਿਊਟਰ ਕੀ ਹੈ?, ਕੰਪਿਊਟਰ ਦੀ ਵਰਤੋਂ, ਕੰਮ ਕਾਜੀ ਦਫ਼ਤਰਾਂ ਵਿੱਚ ਵਰਤੋਂ, ਬੈਂਕਾਂ ਵਿੱਚ ਵਰਤੋਂ, ਵਿਦਿਆ ਦੇ ਖੇਤਰ ਵਿੱਚ, ਸੰਚਾਰ ਦੇ ਖੇਤਰ ਵਿੱਚ ਵਿਦਿਆ, ਫੈਸ਼ਨ ਡਿਜ਼ਾਇਨਿੰਗ, ਪੁਲਾੜ ਆਦਿ ਦੇ ਖੇਤਰ ਵਿੱਚ, ਅਪਰਾਧ ਅਤੇ ਅਪਰਾਧੀ ਦਾ ਪਤਾ ਲਗਾਉਣ ਸੰਬੰਧੀ, ਦੁਰ-ਵਰਤੋਂ, ਸਿੱਟਾ।

**ਜਾਂ**

**ਨੌਜਵਾਨਾਂ ਵਿੱਚ ਵੱਧ ਰਹੀ ਨੈਤਿਕ ਗਿਰਾਵਟ**

ਨੁਕਤੇ -

ਭੂਮਿਕਾ, ਕਦਰਾਂ ਕੀਮਤਾਂ ਨੂੰ ਭੁੱਲਣਾ, ਸੱਭਿਆਚਾਰ ਅਨੁਸਾਰ ਜਿਊਣਾ, ਪੂੰਜੀਵਾਦ, ਦਿਖਾਵਾ, ਇਮਾਨਦਾਰੀ ਦੀ ਬੇਕਦਰੀ, ਪੈਸਾ, ਨੈਤਿਕਤਾ ਤੇ ਸੰਸਕਾਰਾਂ ਦੀ ਕਮੀ, ਸਾਰਾਂਸ਼।

9) **ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ।** (1×6=6)

ਤੁਹਾਡਾ ਇੱਕ ਮਿੱਤਰ ਨਸ਼ਿਆਂ ਵਿੱਚ ਪੈ ਜਾਣ ਕਰਕੇ ਆਪਣੇ ਪੜ੍ਹਾਈ ਤੋਂ ਅਵੇਸਲਾ ਹੋ ਗਿਆ ਹੈ। ਇਸ ਚਿੱਠੀ ਰਾਹੀਂ ਉਸਨੂੰ ਨਸ਼ਿਆਂ ਦੇ ਔਗਣ ਦੱਸਕੇ ਇਸ ਤੋਂ ਵਰਜੋ ਤੇ ਪੜ੍ਹਾਈ ਦੇ ਲਾਭ ਦੱਸ ਕੇ ਇਸ ਵੱਲ ਪ੍ਰੇਰੋ।



Scanned with OKEN Scanner

ਨੁਕਤੇ: ਦੋਸਤ ਤੋ ਪਤਾ ਲੱਗਣਾ, ਚਿੰਤਾ ਵਾਲੀ ਗੱਲ, ਦੋਸਤਾਂ ਦਾ ਦੂਰ ਰਹਿਣਾ, ਮਾੜੀ ਸੰਗਤ, ਪਰਿਵਾਰ ਦੀ ਚਿੰਤਾ, ਸਰੀਰਕ ਬਿਮਾਰੀਆਂ, ਸਲਾਹ।

**ਜਾਂ**

ਟੈਲੀਵਿਜ਼ਨ ਕੇਂਦਰ ਦੇ ਡਾਇਰੈਕਟਰ ਨੂੰ ਇੱਕ ਪੱਤਰ ਲਿਖੋ, ਜਿਸ ਵਿੱਚ ਦਿੱਤੇ ਜਾ ਰਹੇ ਪ੍ਰੋਗਰਾਮ ਦੀਆਂ ਤਰੁਟੀਆਂ/ ਕਮੀਆਂ ਦੱਸ ਦੇ ਸੁਧਾਰ ਕਰਨ ਦੀ ਮੰਗ ਕਰੋ।

ਨੁਕਤੇ: ਟੈਲੀਵਿਜ਼ਨ ਇੱਕ ਅਮੋਲਕ ਕਾਢ, ਪੱਛਮੀ ਸਭਿਅਤਾ ਦਾ ਪ੍ਰਭਾਵ, ਇਸ਼ਤਿਹਾਰਬਾਜ਼ੀ, ਅਸ਼ਲੀਲਤਾ ਦਾ ਬੋਲਬਾਲਾ, ਪ੍ਰੋਗਰਾਮ ਬਿਹਤਰ ਬਣਾਉਣ ਦੀ ਗੁਜਾਰਿਸ਼/ ਬੇਨਤੀ।

**10) ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ।** (4)



**ਭਾਗ-ਸ (ਪਾਠ ਪੁਸਤਕਾਂ ਤੇ ਅਧਾਰਤ)**

**11) ਕਹਾਣੀ ਅਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):**(5×1=5)

ੳ) ਮਨੁੱਖ ਦਾ ਆਚਰਨ ਕਿੱਥੇ ਬਣਦਾ ਹੈ? ਪਾਠ 'ਘਰ ਦਾ ਪਿਆਰ' ਦੇ ਅਧਾਰ ਤੇ ਦੱਸੋ।

1) ਸਕੂਲ ਵਿੱਚ 2) ਘਰ ਵਿੱਚ 3) ਸਮਾਜ ਵਿੱਚ 4) ਆਲੇ-ਦੁਆਲੇ ਵਿੱਚ

ਅ) 'ਘਰ ਦਾ ਪਿਆਰ' ਲੇਖ ਵਿੱਚ ਸਿੱਖ ਗੁਰੂਆਂ ਨੇ ਕਿਸ ਜੀਵਨ ਉੱਤੇ ਜ਼ੋਰ ਦਿੱਤਾ?

1) ਨਿੱਜੀ ਜੀਵਨ 'ਤੇ 2) ਸਮਾਜਿਕ ਜੀਵਨ 'ਤੇ 3) ਘਰੋਗੀ ਜੀਵਨ 'ਤੇ 4) ਆਪਣੇ ਜੀਵਨ 'ਤੇ

ੲ) 'ਬੋਲੀ' ਲੇਖ ਵਿੱਚ ਮਨੁੱਖੀ ਅਮੀਰੀ ਦਾ ਮੇਚਾ ਕਿਸ ਤੋਂ ਲਿਆ ਜਾ ਸਕਦਾ ਹੈ?

1) ਸਭਿਆਚਾਰ ਵਿੱਚੋਂ 2) ਮਨੁੱਖੀ ਸੁਭਾਅ ਤੋਂ 3) ਆਪਣੀ ਵਿਰਾਸਤ ਤੋਂ 4) ਬੋਲੀ ਤੋਂ

ਸ) 'ਪ੍ਰਾਰਥਨਾ' ਲੇਖ ਵਿੱਚ ਸਿੱਖ ਲਈ ਅਰਦਾਸ ਕਿਸ ਦਾ ਸਾਧਨ ਹੈ?

1) ਪਰਿਵਾਰ ਦੇ ਭਲੇ ਦਾ 2) ਸਕੇ ਸੰਬੰਧੀਆਂ ਦੇ ਭਲੇ ਦਾ 3) ਸਰਬਤ ਦੇ ਭਲੇ ਦਾ 4) ਇਹਨਾਂ ਵਿੱਚੋਂ ਕੋਈ ਵੀ ਨਹੀਂ

ਹ) 'ਕੁਲਫ਼ੀ' ਕਹਾਣੀ ਵਿੱਚ ਕਾਕਾ ਅਸਮਾਨ ਦੇ ਤਾਰਿਆਂ ਨੂੰ ਕੀ ਸਮਝਦਾ ਸੀ?

1) ਹੀਰੇ 2) ਰੁਪਏ 3) ਚਾਂਦੀ 4) ਇਹਨਾਂ ਵਿੱਚੋਂ ਕੋਈ ਨਹੀਂ

ਕ) 'ਅੰਗ-ਸੰਗ' ਕਹਾਣੀ ਅਨੁਸਾਰ ਅਮਰੀਕ ਅੱਧੀ ਤਨਖਾਹ ਕਿਸਨੂੰ ਦਿੰਦਾ ਸੀ?

1) ਆਪਣੀ ਮਾਂ ਨੂੰ 2) ਆਪਣੇ ਪਿਓ ਨੂੰ 3) ਆਪਣੀ ਭੈਣ ਨੂੰ 4) ਆਪਣੇ ਭਰਾ ਨੂੰ

**12) ਕਵਿਤਾ ਅਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):**(5×1=5)

ੳ) 'ਤੂੰ ਮਰਾ ਪਿਤਾ ਤੂੰ ਹੈ ਮੇਰਾ ਮਾਤਾ' ਕਿਸਦੀ ਰਚਨਾ ਹੈ?

1) ਭਾਈ ਗੁਰਦਾਸ ਜੀ ਦੀ 2) ਗੁਰੂ ਅਰਜਨ ਦੇਵ ਜੀ ਦੀ

3) ਗੁਰੂ ਅਮਰਦਾਸ ਜੀ ਦੀ 4) ਗੁਰੂ ਨਾਨਕ ਦੇਵ ਜੀ ਦੀ

ਅ) 'ਕਿਰਪਾ ਕਰਿ ਕੈ ਬਖਸਿ ਲੈਹੁ' ਅਨੁਸਾਰ ਕੌਣ ਮਿਹਰ ਕਰਕੇ ਜੀਵ ਨੂੰ ਬਖਸ਼ ਦਿੰਦਾ ਹੈ?

1) ਪਰਮਾਤਮਾ 2) ਫਰਿਸ਼ਤਾ 3) ਅਧਿਆਪਕ 4) ਮਾਤਾ-ਪਿਤਾ

B-4

Scanned with OKEN Scanner

ੲ) 'ਸੋ ਕਿਉਂ ਮੰਦਾ ਆਖੀਐ' ਸ਼ਬਦ ਵਿੱਚ 'ਭੰਡਿ' ਸ਼ਬਦ ਤੋਂ ਕੀ ਭਾਵ ਹੈ?

1) ਜੀਵ 2) ਇਸਤਰੀ ੲ) ਮਨੁੱਖ ਸ) ਭੰਡੀ

ਸ) ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਕਿਸ ਦੁਆਰਾ ਲਿਖਿਆ ਗਿਆ?

1) ਗੁਰੂ ਗੋਬਿੰਦ ਸਿੰਘ ਜੀ ਦੁਆਰਾ 2) ਗੁਰੂ ਅਰਜਨ ਦੇਵ ਜੀ ਦੁਅਰਾ

3) ਗੁਰੂ ਹਰਿਗੋਬਿੰਦ ਜੀ ਦੁਆਰਾ 4) ਗੁਰੂ ਤੇਗ ਬਹਾਦਰ ਜੀ ਦੁਆਰਾ

ਹ) ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ ਕਿਸ ਭਾਸ਼ਾ ਵਿੱਚ ਲਿਖ ਕੇ ਔਰੰਗਜ਼ੇਬ ਨੂੰ ਭੇਜਿਆ ਸੀ?

1) ਉਰਦੂ ਵਿੱਚ 2) ਹਿੰਦੀ ਵਿੱਚ 3) ਫ਼ਾਰਸੀ ਵਿੱਚ 4) ਗੁਰਮੁਖੀ ਵਿੱਚ

ਕ) ਅਸਦ ਖ਼ਾਨ ਔਰੰਗਜ਼ੇਬ ਦਾ ਕੌਣ ਸੀ?

1) ਦੋਸਤ 2) ਰਿਸ਼ਤੇਦਾਰ 3) ਭਰਾ 4) ਪੁੱਤਰ

**13) ਕਹਾਣੀ ਅਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ): (4×1=4)**

ੳ) ਅਮਰੀਕ ਦਾ ਦਾਦਾ ਕਿੱਥੋਂ ਪੈਸਾ ਭੇਜਦਾ ਸੀ?

ਅ) 'ਕੁਲਫ਼ੀ' ਕਹਾਣੀ ਵਿੱਚ ਕਾਕਾ ਸੁੱਤਾ ਪਿਆ ਕੀ ਬੁੜ-ਬੁੜ ਰਿਹਾ ਸੀ?

ੲ) ਲੇਖਕ ਨੇ ਆਪਣੇ ਦੋਸਤ ਤੋਂ ਕਿੰਨੇ ਰੁਪਏ ਉਧਾਰ ਲਏ?

ਸ) 'ਬੋਲੀ' ਪਾਠ ਦੇ ਅਧਾਰ 'ਤੇ ਦੱਸੋ ਕਿ ਕਿਹੜੇ ਮਨੁੱਖ ਆਮ ਤੌਰ 'ਤੇ ਸਿਆਣੇ ਤੇ ਦਿਲਚਸਪ ਹੁੰਦੇ ਹਨ?

ਹ) ਮਹਾਰਾਜਾ ਰਣਜੀਤ ਸਿੰਘ ਨੇ ਧਾੜਵੀ ਸਰਦਾਰ ਨੂੰ ਕਿਸੇ ਕਿਲ੍ਹੇ ਵਿੱਚ ਕੈਦ ਕੀਤਾ ਸੀ?

**14) ਕਹਾਣੀ ਵਾਰਤਕ ਅਤੇ ਇਕਾਂਗੀ ਵਿੱਚੋਂ (7×2=14)**

**(ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ):**

ੳ) ਅਮਰੀਕ ਸਿੰਘ ਨੂੰ ਆਪਣ ਘਰਦਿਆਂ ਨਾਲ ਕਿਸ ਗੱਲ ਦਾ ਇਤਰਾਜ਼ ਸੀ?

ਅ) ਪ੍ਰਾਰਥਨਾ ਦਾ ਸਾਡੇ ਜੀਵਨ ਵਿੱਚ ਕੀ ਮਹੱਤਵ ਹੈ?

ੲ) ਲੇਖਕ ਨੇ ਕ਼ਾਕੇ ਨੂੰ ਟਕਾ ਨਾ ਦੇਣ ਲਈ ਕਿਹੜੇ-ਕਿਹੜੇ ਬਹਾਨੇ ਘੜੇ/ਬਣਾਏ?

ਸ) ਲੇਖਕ ਨੇ ਗੁਰੂ ਨਾਨਕ ਦੇਵ ਜੀ ਦਾ ਉਹਨਾਂ ਦੀ ਮਾਤਾ ਨਾਲ ਮਿਲਾਪ ਦਾ ਦ੍ਰਿਸ਼ ਕਿਹੋ ਜਿਹਾ ਚਿਤਰਿਆ ਹੈ?

ਹ) 'ਬੋਲੀ ਮਨੁੱਖ ਦੀ ਆਤਮਾ ਦਾ ਚਿੱਤਰ ਹੈ' ਇਸ ਕਥਨ ਤੋਂ ਲੇਖਕ ਦਾ ਕੀ ਭਾਵ ਹੈ?

ਕ) ਅਮਰੀਕ ਦੇ ਦਾਦੇ ਨੇ ਗਹਿਣੇ ਪਈ ਆਪਣੀ ਪੈਲ਼ੀ ਨੂੰ ਕਿਵੇਂ ਛੁਡਾਇਆ?

ਖ) ਜ਼ਫ਼ਰਨਾਮੇ ਦਾ ਔਰੰਗਜ਼ੇਬ 'ਤੇ ਕੀ ਅਸਰ ਹੋਇਆ?

ਗ) ਔਰੰਗਜ਼ੇਬ ਦੇ ਬੇਟਿਆਂ ਵਿੱਚ ਖਾਨਾਜੰਗੀ ਕਿਸ ਲਈ ਸ਼ੁਰੂ ਹੋ ਗਈ ਸੀ?

**15) ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ) (2×4=8)**

ੳ) 'ਕਿਰਪਾ ਕਰਿ ਕੈ ਬਖਸਿ ਲੈਹੁ' ਸ਼ਬਦ ਦਾ ਸਾਰ ਲਿਖੋ।

**ਜਾਂ**

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਦੀ ਰਚਨਾ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਵਿੱਚ ਪਰਮਾਤਮਾ ਨਾਲ ਕਿਹੜੇ ਰਿਸ਼ਤੇ ਸਥਾਪਿਤ ਕਰਕੇ ਸਤਿਕਾਰ ਪ੍ਰਗਟ ਕੀਤਾ ਹੈ?

ਅ) 'ਘਰ ਦਾ ਪਿਆਰ' ਲੇਖ ਅਨੁਸਾਰ ਘਰ ਤੋਂ ਕੀ ਭਾਵ ਹੈ?

**ਜਾਂ**

ਕੈਦੀ ਨੇ ਆਪਣੀ ਰਿਹਾਈ ਸਮੇਂ ਮਹਾਰਾਜਾ ਰਣਜੀਤ ਸਿੰਘ ਨੂੰ ਕੀ ਕਿਹਾ?

**16) ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ) (1×4=4)**

ੳ) ਜ਼ੀਨਤ-ਉਨ-ਨਿਸ਼ਾ ਦੀ ਪਾਤਰ ਉਸਾਰੀ ਕਰੋ।

**ਜਾਂ**

ਔਰੰਗਜ਼ੇਬ ਨੇ ਕਿੰਨੇ ਸਾਲ ਰਾਜ ਕੀਤਾ ਅਤੇ ਉਸ ਦਾ ਰਾਜ ਕਿਸ ਤਰ੍ਹਾਂ ਦਾ ਸੀ?

B-5

Scanned with OKEN Scanner